# ਗਾਥਾ ਗੜ੍ਹੀ ਚਮਕੌਰ



ਮਨਮੋਹਨ ਸਿੰਘ ਦਾਊਂ

# ਗਾਥਾ ਗੜ੍ਹੀ ਚਮਕੌਰ

(ਕਾਵਿ ਰਚਨਾ)

ਪਿਆਰੇ ਡਾ. [illegible] ਸਿੰਘ [illegible] ਹੁਰਾਂ
ਨੂੰ !
ਮ. ਸਿ. ਦਾਊਂ

ਮਨਮੋਹਨ ਸਿੰਘ ਦਾਊਂ

ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ

# ਸਮਰਪਣ

ਸਤਿਕਾਰਯੋਗ ਅਣਖੀਲੀ ਬੀਬੀ ਸਰਨ ਕੌਰ ਨੂੰ
ਜਿਸ ਨੇ ਚਮਕੌਰ ਜੰਗ ਵਿੱਚ ਸ਼ਹੀਦ ਸਿੰਘਾਂ
ਅਤੇ ਦੋਵਾਂ ਸਾਹਿਬਜ਼ਾਦਿਆਂ ਦਾ ਸਸਕਾਰ ਕਰਨ
ਦੀ ਅਹਿਮ ਭੂਮਿਕਾ ਨਿਭਾ ਕੇ ਦਲੇਰੀ ਦੀ ਅਦੁੱਤੀ
ਮਿਸਾਲ ਪੈਦਾ ਕਰ ਵਿਖਾਈ।

**ਲੇਖਕ ਦੀਆਂ ਬਾਲ ਸਾਹਿਤ ਰਚਨਾਵਾਂ:-**

1. ਕਿਰਲੀ ਤੇ ਤਿਤਲੀ (ਬਾਲ ਕਹਾਣੀਆਂ) ਇਨਾਮ ਜੇਤੂ
2. ਬੋਲਾਂ ਦੇ ਖੰਭ (ਬਾਲ ਕਹਾਣੀਆਂ)
3. ਤਿੰਨ ਸੁਪਨੇ (ਬਾਲ-ਕਹਾਣੀਆਂ)
4. ਪੰਛੀਆਂ ਦੇ ਗੀਤ (ਬਾਲ-ਕਵਿਤਾਵਾਂ)
5. ਗੀਤਾਂ ਦੇ ਘੁੰਗਰੂ (ਬਾਲ-ਕਵਿਤਾਵਾਂ)
6. ਸੁਪਨਿਆਂ ਵਾਲਾ ਬਚਪਨ (ਬਾਲ-ਕਵਿਤਾਵਾਂ)
7. ਚਾਚਾ ਨਹਿਰੂ (ਜੀਵਨੀ)
8. ਸਭਿਆਚਾਰਕ ਮੁਹਾਂਦਰੇ (ਲੇਖ-ਸੰਗ੍ਰਹਿ) ਇਨਾਮ ਜੇਤੂ
9. ਬਾਲ-ਝਰੋਖਾ (ਜੀਵਨ-ਯਾਦਾਂ) ਇਨਾਮ ਜੇਤੂ
10. ਵਿੱਦਿਆ ਦਾ ਗਹਿਣਾ (ਬਾਲ-ਕਵਿਤਾਵਾਂ)
11. ਮੇਰਾ ਦੀਵਾ (ਬਾਲ-ਗੀਤ) ਇਨਾਮ ਜੇਤੂ
12. ਚਾਨਣ ਦੀ ਟਹਿਣੀ (ਬਾਲ-ਗੀਤ) ਇਨਾਮ ਜੇਤੂ
13. ਧਰਤੀ ਦੇ ਰੰਗ (ਕਾਵਿ-ਰਚਨਾ)
14. ਫਲਾਂ ਦੀ ਟੋਕਰੀ (ਨਰਸਰੀ-ਗੀਤ)
15. ਫੁੱਲਾਂ ਵਾਲਾ ਘਰ (ਬਾਲ-ਕਵਿਤਾਵਾਂ) ਇਨਾਮ ਜੇਤੂ
16. ਰੁੱਖਾਂ ਦਾ ਖ਼ਜ਼ਾਨਾ (ਕਾਵਿ-ਰਚਨਾ)
17. ਅਜ਼ਾਦੀ ਦੀ ਵਾਰ (ਕਾਵਿ-ਰਚਨਾ)
18. ਫੁੱਲਾਂ ਦਾ ਪੰਘੂੜਾ (ਬਾਲ-ਕਵਿਤਾਵਾਂ)
19. ਪੀਂਘ ਹੁਲਾਰੇ (ਨਰਸਰੀ-ਗੀਤ)
20. ਸਬਰ ਦਾ ਫਲ ਮਿੱਠਾ (ਕਹਾਣੀ)
21. ਅਹਿੰਸਾ ਦਾ ਪੁਜਾਰੀ (ਜੀਵਨੀ)
22. ਸੋਨ ਸਵੇਰਾ (ਬਾਲ-ਕਵਿਤਾਵਾਂ)
23. ਸ਼ੁੱਧ ਹਵਾ ਦੀ ਲੋੜ
24. ਗਾਥਾ ਗੜ੍ਹੀ ਚਮਕੌਰ (ਕਾਵਿ ਰਚਨਾ)

# ਗੜ੍ਹੀ ਚਮਕੌਰ ਦਾ ਚਮਤਕਾਰੀ ਯੁੱਧ

ਕਲਗੀਧਰ ਦਸਮੇਸ਼ ਪਿਤਾ—ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਉਪਰੰਤ ਸਰਸਾ ਨਦੀ ਪਾਰ ਕਰ ਕੇ ਗਿਣਤੀ ਦੇ ਸਿਰਲੱਥ ਸਿੰਘਾਂ ਸਮੇਤ ਚੌਧਰੀ ਰੂਪ ਚੰਦ ਦੀ ਕੱਚੀ ਗੜ੍ਹੀ (ਹਵੇਲੀ) ਚਮਕੌਰ ਵਿਖੇ 21 ਦਸੰਬਰ, 1704 ਈ. ਨੂੰ ਪ੍ਰਵੇਸ਼ ਕੀਤਾ। ਗੁਰੂ ਜੀ ਨਾਲ ਉਨ੍ਹਾਂ ਦੇ ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ ਅਤੇ ਪੰਜ ਪਿਆਰੇ ਅਤੇ 40 ਕੁ ਸਿੰਘ ਸਨ। ਮੁਗ਼ਲ ਸੈਨਾ ਨੇ ਖ਼ਬਰ ਮਿਲਦੇ ਸਾਰ ਚਮਕੌਰ ਗੜ੍ਹੀ ਨੂੰ ਘੇਰਾ ਪਾ ਲਿਆ ਜਿਸ ਦੀ ਗਿਣਤੀ ਲੱਖਾਂ ਵਿੱਚ ਸੀ। ਇਸ ਅਸਥਾਨ 'ਤੇ ਗੁਰੂ ਜੀ ਨੇ ਚਮਕਤਾਰੀ ਵਿਊਂਤ ਨਾਲ ਵਿਸ਼ਵ ਦਾ ਸਭ ਤੋਂ ਅਸਾਵਾਂ ਯੁੱਧ ਲੜਿਆ। ਕਿੱਥੇ ਗਿਣਤੀ ਦੇ ਸਿੰਘ ਤੇ ਕਿੱਥੇ ਮੁਗ਼ਲ ਸੈਨਾ ਦਾ ਮਲੱਖ।

ਗੁਰੂ ਜੀ ਨੇ ਦੋ ਮੰਜ਼ਿਲੀ ਕੱਚੀ ਗੜ੍ਹੀ ਵਿੱਚ ਮੋਰਚਾ ਬੰਦੀ ਕੀਤੀ। ਉਨ੍ਹਾਂ ਨੇ ਗੜ੍ਹੀ ਦੀਆਂ ਚਾਰੇ ਬਾਹੀਆਂ (ਦਿਸ਼ਾਵਾਂ) 'ਤੇ ਅੱਠ-ਅੱਠ ਸਿੰਘਾਂ ਦੇ ਜੱਥੇ ਵੰਡ ਦਿੱਤੇ ਅਤੇ ਦੋ ਸਿੰਘਾਂ ਨੂੰ ਗੜ੍ਹੀ ਦੇ ਦਰਵਾਜ਼ੇ 'ਤੇ ਤਾਇਨਾਤ ਕਰ ਦਿੱਤਾ। ਬਾਕੀ ਦੇ ਸਿੰਘਾਂ ਅਤੇ ਦੋਹਾਂ ਸਾਹਿਬਜ਼ਾਦਿਆਂ ਨੂੰ ਉੱਪਰ ਗੜ੍ਹੀ ਦੀ ਅਟਾਰੀ 'ਤੇ ਲੈ ਗਏ। 22 ਦਸੰਬਰ, 1704 ਈ. ਨੂੰ ਸਾਰਾ ਦਿਨ ਘਮਸਾਨ ਦੀ ਲੜਾਈ ਹੁੰਦੀ ਰਹੀ। ਗੁਰੂ ਜੀ ਆਪਣੇ ਤੀਰਾਂ ਨਾਲ ਵੈਰੀਆਂ

ਨੂੰ ਵਿੰਨ੍ਹਦੇ ਰਹੇ। ਕਈ ਵਾਰੀ ਮੁਗ਼ਲ ਸੈਨਾ ਦੇ ਸਿਪਾਹੀਆਂ ਨੇ ਗੜ੍ਹੀ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਪਰ ਸਾਰੀਆਂ ਬਾਹੀਆਂ 'ਤੇ ਤਾਇਨਾਤ ਸਿੰਘਾਂ ਨੇ ਅਣਗਿਣਤ ਸਿਪਾਹੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਸਿੰਘਾਂ ਦਾ ਜੋਸ਼ ਉਬਾਲੇ ਖਾਣ ਲੱਗਾ। ਗੁਰੂ ਜੀ ਤੋਂ ਆਗਿਆ ਲੈ ਕੇ ਸਿੰਘ ਗੜ੍ਹੀ ਤੋਂ ਬਾਹਰ ਨਿਕਲ ਕੇ ਰਣ ਖੇਤਰ ਵਿੱਚ ਕੁੱਦ ਪਏ। ਸਿੰਘਾਂ ਦੀ ਦਲੇਰੀ ਦੇਖ ਕੇ ਗੁਰੂ ਜੀ ਅਸ਼-ਅਸ਼ ਕਰ ਰਹੇ ਸਨ। ਦੋਹਾਂ ਸਾਹਿਬਜ਼ਾਦਿਆਂ ਨੇ ਪਿੱਛੇ ਰਹਿਣਾ ਠੀਕ ਨਾ ਸਮਝਿਆ। ਇਸ ਖ਼ੂਨੀ ਇਤਿਹਾਸਕ ਜੰਗ ਵਿੱਚ ਗੁਰੂ ਜੀ ਨੇ ਆਪਣੇ ਦੋਵੇਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਨੂੰ ਆਪਣੇ ਹੱਥੀਂ ਹੋਰ ਸਿੰਘਾਂ ਨਾਲ ਰਣਭੂਮੀ ਵਿੱਚ ਵਾਰੋ-ਵਾਰੀ ਭੇਜਿਆ। ਦੋਵਾਂ ਸਾਹਿਬਜ਼ਾਦਿਆਂ ਨੇ ਸਿੰਘਾਂ ਵਾਂਗ ਸੂਰਬੀਰਤਾ ਅਤੇ ਦਲੇਰੀ ਨਾਲ ਵੈਰੀਆਂ ਦੇ ਆਹੂ ਲਾਉਂਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਜੰਗ ਹੁੰਦੀ ਰਹੀ।

ਗੜ੍ਹੀ ਵਿੱਚ ਸਿੰਘਾਂ ਦੀ ਗਿਣਤੀ ਬਹੁਤ ਥੋੜ੍ਹੀ ਰਹਿ ਗਈ। ਗੁਰੂ ਜੀ ਖ਼ੁਦ ਜੰਗ ਦੇ ਮੈਦਾਨ ਵਿੱਚ ਦੁਸ਼ਮਣ ਦਾ ਟਾਕਰਾ ਕਰਨਾ ਚਾਹੁੰਦੇ ਸਨ ਪਰੰਤੂ ਪੰਜ ਪਿਆਰਿਆਂ (ਸਿੰਘਾਂ) ਦੇ ਹੁਕਮ ਨੂੰ ਮੰਨਦਿਆਂ ਇੰਜ ਨਾ ਕੀਤਾ। ਹੁਕਮਨਾਮੇ ਦੀ ਪਾਲਣਾ ਕਰਦਿਆਂ ਗੁਰੂ ਜੀ ਨੂੰ ਚਮਕੌਰ ਦੀ ਗੜ੍ਹੀ ਰਾਤ ਦੇ ਸਮੇਂ ਛੱਡਣੀ ਪਈ। ਗੁਰੂ ਜੀ ਨੇ ਸਿੰਘਾਂ ਨੂੰ ਅਸੀਸ ਦਿੱਤੀ ਤੇ ਗੜ੍ਹੀ ਦੀ ਕਮਾਨ ਉਨ੍ਹਾਂ ਨੂੰ ਸੰਭਾਲ ਦਿੱਤੀ। ਗੁਰੂ ਜੀ ਨੇ ਆਪਣੀ ਕੀਮਤੀ ਕਲਗੀ ਅਤੇ ਪੋਸ਼ਾਕ ਭਾਈ ਜੀਵਨ ਸਿੰਘ (ਬਨਾਮ ਸੰਗਤ ਸਿੰਘ/ਸੰਤ ਸਿੰਘ)

ਤੇ ਪੰਜ ਸਿੰਘਾਂ ਨੂੰ ਬਖਸ਼ਿਸ਼ ਕੀਤੀ। ਇਤਿਹਾਸਕਾਰ ਲਿਖਦੇ ਹਨ ਕਿ ਗੁਰੂ ਜੀ ਵਚਿੱਤਰ ਦਲੇਰੀ ਨਾਲ ਤਾੜੀ ਮਾਰ ਕੇ 'ਹਿੰਦ ਦਾ ਪੀਰ ਜਾ ਰਿਹਾ' ਕਹਿ ਕੇ ਮਾਛੀਵਾੜਾ ਦੇ ਜੰਗਲਾਂ ਵੱਲ ਬਿਖੜਾ ਪੈਂਡਾ ਗੱਛ ਤੁਰੇ।

23 ਸਤੰਬਰ, 1704 ਈ. ਨੂੰ ਰਹਿੰਦੇ ਪੰਜ ਸਿੰਘ ਵੀ ਦੁਸ਼ਮਣ ਦਾ ਸਿਰਤੋੜ ਮੁਕਾਬਲਾ ਕਰਦੇ ਸ਼ਹੀਦੀਆਂ ਪਾ ਗਏ। ਇੰਜ ਮਰਜੀਵੜੇ ਸਿੰਘ ਸ਼ਹੀਦਾਂ ਦੇ ਪਵਿੱਤਰ ਖ਼ੂਨ ਨੇ ਗੜ੍ਹੀ ਚਮਕੌਰ ਦੇ ਕਣ-ਕਣ ਨੂੰ ਪਵਿੱਤਰਤਾ ਅਤੇ ਇਤਿਹਾਸਕਤਾ ਪ੍ਰਦਾਨ ਕੀਤੀ। ਹਰ ਸਾਲ ਸਿੱਖ-ਸੰਗਤਾਂ ਉਨ੍ਹਾਂ ਮਹਾਨ ਸ਼ਹੀਦਾਂ ਦੀ ਯਾਦ ਵਿੱਚ ਸ਼ਹੀਦੀ ਜੋੜ-ਮੇਲਾ 22-23 ਦਸੰਬਰ ਨੂੰ ਬੜੀ ਸ਼ਰਧਾ ਤੇ ਧੂਮ-ਧਾਮ ਨਾਲ ਮਨਾਉਂਦੀਆਂ ਹਨ।

ਚਮਕੌਰ ਸਾਹਿਬ ਵਿਖੇ ਸਿੰਘ-ਸ਼ਹੀਦਾਂ ਦੀ ਯਾਦ ਵਿੱਚ ਗੁਰਦੁਆਰਾ ਸ੍ਰੀ ਕਤਲ ਗੜ੍ਹ ਸਾਹਿਬ (ਸ਼ਹੀਦ ਗੰਜ), ਗੁਰਦੁਆਰਾ ਗੜ੍ਹੀ ਸਾਹਿਬ, ਗੁਰਦੁਆਰਾ ਦਮਦਮਾ ਸਾਹਿਬ ਅਤੇ ਗੁਰਦੁਆਰਾ ਤਾੜੀ ਸਾਹਿਬ ਸੁਸ਼ੋਭਿਤ ਹਨ।

ਕਾਵਿ-ਰਚਨਾ 'ਗਾਥਾ ਗੜ੍ਹੀ ਚਮਕੌਰ' ਉਨ੍ਹਾਂ ਮਹਾਨ ਸ਼ਹੀਦਾਂ ਨੂੰ ਇੱਕ ਸ਼ਰਧਾਂਜਲੀ ਵੱਜੋਂ ਹਾਜ਼ਰ ਹੈ।

ਮਨਮੋਹਨ ਸਿੰਘ ਦਾਊਂ

# 280, ਫ਼ੇਜ਼ 6,
ਐਸ.ਏ. ਐਸ. ਨਗਰ
ਮੁਹਾਲੀ, (ਪੰਜਾਬ)

# ਮੈਂ ਧੰਨਵਾਦੀ ਹਾਂ

1. ਆਪਣੇ ਪਿਆਰੇ ਮਿੱਤਰ ਸ. ਗੁਰਦੀਪ ਸਿੰਘ ਦੀਪ ਚਿੱਤਰਕਾਰ ਦਾ ਜਿਨ੍ਹਾਂ ਨੇ ਇਸ ਰਚਨਾ ਨੂੰ ਜੰਗ ਦੇ ਦ੍ਰਿਸ਼ਾਂ ਰਾਹੀਂ ਉਸ ਸਮੇਂ ਦੇ ਮਾਹੌਲ ਅਨੁਸਾਰ ਢੁੱਕਵੇਂ ਚਿੱਤਰਾਂ ਰਾਹੀਂ ਰੂਪਮਾਨ ਕੀਤਾ ਹੈ। ਇਤਿਹਾਸ ਨੂੰ ਕਾਵਿ-ਰਚਨਾ ਦਾ ਰੂਪ ਦੇਣਾ ਅਤੇ ਮੂਲ-ਰਚਨਾ ਨੂੰ ਚਿੱਤਰਾਂ 'ਚ ਉਤਾਰਨਾ ਇੱਕ ਕਠਨ ਕਾਰਜ ਹੈ।

2. ਸ. ਤਰਲੋਚਨ ਸਿੰਘ (ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ) ਨੇ ਵਿਸ਼ੇਸ਼ ਦਿਲਚਸਪੀ ਲੈ ਕੇ, ਬਹੁਤ ਥੋੜ੍ਹੇ ਸਮੇਂ ਵਿੱਚ ਇਸ ਰਚਨਾ ਨੂੰ ਪੁਸਤਕ ਰੂਪ ਦੇਣ ਲਈ ਦੋਸਤੀ ਦਾ ਫ਼ਰਜ਼ ਨਿਭਾਇਆ ਹੈ।

**ਮਨਮੋਹਨ ਸਿੰਘ ਦਾਊਂ**

ਸੁਣ ਨੀਂ ਧਰਤ ਪਿਆਰੀਏ
ਸੀ ਜ਼ੁਲਮ ਧਰਮ ਦੀ ਜੰਗ,
ਕਿੰਜ ਗੁਰਾਂ ਨੇ ਜਿੱਤਿਆ
ਹਰ ਕੋਈ ਹੋਇਆ ਦੰਗ।

ਸ਼ਾਇਰ ਕੋਈ ਕਿੰਜ ਚਿੱਤਰੇ
ਅਨੂਠੇ ਜੰਗ ਦਾ ਸਾਰ,
ਚਮਕੀ ਗੜ੍ਹੀ ਚਮਕੌਰ ਦੀ
ਮੇਰਾ ਕਣ-ਕਣ ਨੂੰ ਨਮਸਕਾਰ।



# ਨੂਰੀ ਮੁਖੜਿਆਂ ਨੂੰ ਬੰਦਨਾ !

ਦਸਮ ਗੁਰੂ ਦੇ ਪੁੱਤਰ ਚਾਰ,
ਉਨ੍ਹਾਂ ਤੋਂ ਜਾਈਏ ਬਲਿਹਾਰ।

ਵੱਡਾ ਅਜੀਤ, ਛੋਟਾ ਜੁਝਾਰ,
ਜੰਗ ਲੜਨ ਨੂੰ ਹੋਏ ਤਿਆਰ।

ਦੋਵੇਂ ਵੀਰ ਹੋਏ ਕੁਰਬਾਨ,
ਚਮਕੌਰ ਗੜ੍ਹੀ ਵਿੱਚ ਦਿੱਤੀ ਜਾਨ।

ਜ਼ੋਰਾਵਰ ਅਤੇ ਫ਼ਤਿਹ ਦੁਲਾਰੇ,
ਦੋਵਾਂ ਕੀਤੇ ਕੰਮ ਨਿਆਰੇ।

ਚਿਣੇ ਗਏ ਨੀਹਾਂ ਵਿਚਕਾਰ,
ਜੱਗ ਵਿੱਚ ਹੋਈ ਜੈ-ਜੈ ਕਾਰ।

ਮਾਤਾ ਗੁਜਰੀ ਨੇ ਸਿੱਖਿਆ ਦਿੱਤੀ,
ਧਰਮ ਦੀ ਰਾਖੀ ਕਰਨੀ ਸਿੱਖੀ।

ਨੂਰੀ ਮੁਖੜਿਆਂ ਦੀ ਕੁਰਬਾਨੀ,
ਦੁਨੀਆਂ ਦੇ ਵਿੱਚ ਹੈ ਲਾਸਾਨੀ।



## ਗਾਥਾ—ਗੜ੍ਹੀ ਚਮਕੌਰ

ਕੱਚੀ ਗੜ੍ਹੀ ਚਮਕੌਰ ਦੀ
ਸੀ ਕੱਕਰੀ ਪੋਹ ਦੀ ਰਾਤ,
ਕਲਗੀਧਰ ਦਸਮੇਸ਼ ਨੇ
ਕੀਤੀ ਨ੍ਹੇਰੇ ਦੇ ਸੰਗ ਬਾਤ।

ਸੀ ਦਨਦਨਾਉਂਦਾ ਫਿਰ ਰਿਹਾ
ਔਰੰਗਜ਼ੇਬ ਦਾ ਕਹਿਰ,
ਚਾਲੀ ਕੁ ਸਿੰਘ ਬਸ ਚੋਣਵੇਂ
ਗੁਰਾਂ ਗੜ੍ਹੀ 'ਚ ਕੀਤੀ ਠਹਿਰ।




ਬਾਹਰ ਗੜ੍ਹੀ ਦੇ ਨ੍ਹੇਰ ਸੀ
ਅੰਦਰ ਨੂਰੋ-ਨੂਰ ਪ੍ਰਕਾਸ਼,
ਜ਼ੁਲਮ ਨੂੰ ਠੱਲ੍ਹਣ ਵਾਸਤੇ
ਗੁਰਾਂ ਕੀਤੀ ਪ੍ਰਭ ਅਰਦਾਸ।

ਘੇਰਾ ਦੁਸ਼ਮਣਾਂ ਪਾ ਲਿਆ
ਦਸ ਲੱਖ ਗਿਣਤੀ ਘੱਤ,
ਸਿੰਘ ਭੁੱਖੇ, ਸਿਰੜੀ ਬੜੇ
ਪੱਲੇ ਧਰਮ ਦੀ ਪੱਤ।



ਮੁਗ਼ਲੀ ਫ਼ੌਜਾਂ ਧਮਕੀਆਂ
ਤੰਬੂ ਦਿੱਤੇ ਤਾਣ,
ਗੁਰਾਂ ਦੀ ਟੇਕ ਅਕਾਲ 'ਤੇ
ਜਾਂ ਸਿੰਘਾਂ ਉੱਤੇ ਮਾਣ।

ਹਮਲਾ ਕੀਤਾ ਵੈਰੀਆਂ
ਹੋਣ ਲੱਗੀ ਫਿਰ ਜੰਗ,
ਕੱਚੀ ਗੜ੍ਹੀ ਦੇ ਤੀਰਾਂ ਨੇ
ਧਰਤੀ ਦਿੱਤੀ ਰੰਗ।



ਸ਼ਕਤੀ ਗੜ੍ਹੀ ਦੀ ਤੱਕ ਕੇ
ਦੁਸ਼ਮਣ ਹੋਇਆ ਲਾਚਾਰ,
ਗੁਰ ਤੀਰਾਂ ਨਾਲ ਪਰੁੰਨਿਆ
ਜੋ ਟੱਪਣ ਆਇਆ ਦੀਵਾਰ।

ਤੀਰ ਜਦੋਂ ਸੀ ਸ਼ੂਕਦੇ
ਸਿਰ ਲੱਥ-ਲੱਥ ਡਿਗਦੇ ਕੰਬ,
ਜਿਉਂ ਹਨੇਰੀ ਰੁੱਖਾਂ ਦੇ
ਪੱਤਰ ਦੇਵੇ ਝੰਬ।




ਇੱਕ ਪਾਸੇ ਸੈਨਾ ਦਸ ਲੱਖੀ
ਦੂਜੇ ਪਾਸੇ ਚਾਲੀ ਸਿੰਘ,
ਬੇਮੇਚੀ ਇਸ ਜੰਗ ਦਾ
ਬਿਆਨ ਸੁਣਾਵਾਂ ਕਿੰਜ।

ਸਵਾ ਲੱਖ ਨਾਲ ਜੂਝਿਆ
ਇੱਕ-ਇੱਕ ਸਿੰਘ ਦਲੇਰ,
ਜੰਗ ਅਜਿਹੀ ਧਰਤ 'ਤੇ
ਡਿੱਠੀ ਨਾ ਕਿਸੇ ਫੇਰ।



ਘੇਰਾ ਏਨਾ ਸੰਘਣਾ
ਟਿੱਡੀ ਦਲ ਜਿਉਂ ਖੇਤ,
ਵਾਹ, ਗੁਰੂ ਗੋਬਿੰਦ ਸਿੰਘ
ਤੇਰੀ ਸ਼ਕਤੀ ਦਾ ਨਾ ਭੇਤ।

ਆਖਰ ਗੁਰਾਂ ਨੇ ਸੋਚ ਕੇ
ਪੰਜ-ਪੰਜ ਤੋਰੇ ਸ਼ੇਰ,
ਆਹੂ ਲਾਹ-ਲਾਹ ਸਿੰਘਾਂ ਨੇ
ਦਿੱਤਾ ਵੈਰੀ ਦਾ ਮੂੰਹ ਫੇਰ।



ਐਸਾ ਜਾਦੂ ਧੂੜਿਆ
ਗੁਰਾਂ ਅੰਮ੍ਰਿਤ ਦੀ ਦੇ ਪਾਣ,
ਪੁਰਜਾ ਪੁਰਜਾ ਕਟ ਮਰੇ
ਸਿੰਘਾਂ ਰੱਖ ਵਿਖਾਈ ਆਣ।

ਗੁਰਾਂ ਦੇ ਲਾਲਾਂ ਤੱਕਿਆ
ਸਿੰਘਾਂ ਦਾ ਬਲੀਦਾਨ,
ਅਜੀਤ ਸਿੰਘ ਨੇ ਆਖਿਆ
ਪਿਤਾ, ਦੇਵੋ ਨੇਜ਼ਾ ਤੇ ਕਿਰਪਾਨ।



ਉਸ ਚਿਹਰੇ ਲਾਲੀ ਦਮਕਦੀ
ਦਿਲ ਠਾਠਾਂ ਮਾਰੇ ਬੇਰੋਕ,
ਸਿੰਘ ਮਰਾਏ, ਪੁੱਤ ਬਚਾਏ
ਕੀ ਆਖਣਗੇ ਲੋਕ।

ਥਾਪੜਾ ਦੇ ਕੇ ਗੁਰਾਂ ਨੇ
ਲਾ ਪੁੱਤ ਨੂੰ ਛਾਤੀ ਨਾਲ,
ਮੌਤ ਵਿਆਹੁਣ ਤੋਰਿਆ
ਦੇ ਕੇ ਅਸੀਸ ਕਮਾਲ।



ਉਮਰ ਜੁਆਨੀ ਵਾਲੜੀ
ਸਿਰੜ, ਸਿਦਕ ਦੀ ਪੁੱਠ,
ਕਰ-ਕਰ ਵਾਰ ਜੋਸ਼ੀਲੜੇ
ਉਸ ਵੈਰੀ ਲਾਇਆ ਗੁੱਠ।

ਜੋ ਵੀ ਆਇਆ ਸਾਹਮਣੇ
ਵੱਢ-ਵੱਢ ਕੀਤਾ ਚਿੱਤ,
ਲੜੇ ਅਸੰਖਾਂ ਨਾਲ ਭਲਾਂ
ਆਖਰ 'ਕੱਲਾ ਕੋਈ ਕਿੱਤ।



ਉਸ ਭਾਜੜ ਪਾਈ ਵੈਰੀਆਂ
ਜਦ ਲਿਸ਼ਕੀ ਹੱਥ ਤਲਵਾਰ,
ਜੋ ਵੀ ਆਇਆ ਸੋਧਿਆ
ਗਿਆ ਨਾ ਖਾਲੀ ਵਾਰ।

ਤੇਗ਼ ਟੁੱਟੀ, ਫੜ ਨੇਜੜਾ
ਕੀਤਾ 'ਅਜੀਤ' ਕਮਾਲ,
ਗੁਰਾਂ ਦੇ ਮੂੰਹੋਂ ਨਿਕਲਿਆ
ਵਾਹ ਉਏ ਮੇਰੇ ਲਾਲ।



ਹੋ ਜ਼ਖ਼ਮੀ ਘੋੜਿਓਂ ਡਿੱਗਿਆ
ਪਰ 'ਅਜੀਤ' ਕਰੇਂਦਾ ਵਾਰ,
ਜਾਮ ਸ਼ਹੀਦੀ ਪੀ ਗਿਆ
ਮੰਨੀ ਨਾ ਉਸ ਹਾਰ।

'ਗੋਬਿੰਦ' ਸ਼ੁਕਰ ਮਨਾਇਆ
ਪ੍ਰਭ 'ਤੇ ਰੱਖ ਵਿਸ਼ਵਾਸ,
ਕਰਜ਼ਾ ਸਿਰੋਂ ਹੈ ਲੱਥਿਆ
ਮੇਰਾ ਜੀਵੇ ਪੰਥ ਸ਼ਾਬਾਸ਼।



ਜੂਝਣ ਲਈ 'ਜੁਝਾਰ' ਫਿਰ
ਹੋਇਆ ਉੱਠ ਤਿਆਰ,
ਬਖ਼ਸ਼ੋ ਪਿਤਾ ਜੀ ਥਾਪੜਾ
ਜਾਵਾਂ ਰਣ ਵਿਚਕਾਰ।

ਨੱਢੜਾ ਬੇਟਾ ਗੁਰੂ ਦਾ
ਜਾ ਧਮਕਿਆ ਵਿੱਚ ਮੈਦਾਨ,
ਜੋਸ਼ ਜੁਆਨੀ, ਰੋਹ ਤ੍ਰਿਖੜਾ
ਹੋਇਆ ਵੈਰੀ ਤੱਕ ਹੈਰਾਨ।



ਲੜਿਆ ਵੈਰੀ ਸੰਗ ਉਹ
ਆਖਰੀ ਦਮਾਂ ਤੀਕ,
ਤ੍ਰੇਹ ਬੁਝਾਈ ਰੱਤ ਨਾਲ
ਉਸ ਅੱਡਰੀ ਪਾਈ ਲੀਕ।

ਅੰਮ੍ਰਿਤ ਪੀਤਾ ਸਿਦਕ ਦਾ
ਕੀਤੀ ਉਮਰੋਂ ਵੱਡੀ ਗੱਲ,
ਲਾਜ ਰੱਖਣ ਲਈ ਪੰਥ ਦੀ
ਉਸ ਵੈਰੀ ਦਿੱਤਾ ਠੱਲ੍ਹ।



ਤੱਕ ਕੇ ਸੂਰਜ ਅੰਬਰੀਂ
ਉਸ ਓਡਣ ਕੀਤੀ ਛਾਂ,
ਧਰਤੀ ਗੋਦੀ ਲੈ ਲਿਆ
ਧੰਨ ਜਣੇਂਦੀ ਮਾਂ।

ਨਾਲ ਲਹੂ ਦੇ ਭਿੱਜਗੀ
ਰਣ-ਖੇਤਰ ਦੀ ਹਿੱਕ,
ਸੋਚੀਂ ਸੋਚਣ ਬੈਠ ਕੇ
ਹੋ ਗੁਰ-ਚੇਲੇ ਇੱਕ-ਮਿੱਕ।



ਹੋਈਆਂ ਜੰਗਾਂ ਜੱਗ ਵਿੱਚ
ਪਰ ਵੱਖਰਾ ਇਹ ਇਤਿਹਾਸ,
ਕੇਡਾ ਜੇਰਾ ਪਿਤਾ ਦਾ
ਰੱਖਿਆ ਜਿਸ ਧਰਵਾਸ।

ਦਾਤਾ, ਤੇਰੇ ਗੁਣਾਂ ਦਾ
ਹੋ ਨਾ ਸਕੇ ਬਿਆਨ,
ਵਾਰ ਕੇ ਪੁੱਤਰ ਸਲੋਨੜੇ
ਪੰਥ ਦੀ ਰੱਖੀ ਸ਼ਾਨ।



ਹੁਕਮ ਮੰਨ ਗੁਰੂ ਸਿੰਘਾਂ ਦਾ
ਸੌਂਪੀ ਕਲਗੀ, ਸ਼ਾਹੀ ਵੇਸ,
ਗੜ੍ਹੀਓਂ ਤੁਰੇ ਵੰਗਾਰ ਕੇ
ਧਾਰ ਕੇ ਵੱਖਰਾ ਭੇਸ।

ਲਾਸ਼ਾਂ ਦੇ ਅੰਬਾਰ ਸਨ
ਕਹਿਰਾਂ ਠਰਦੀ ਰਾਤ,
ਪੰਧ ਨਵਾਂ, ਬਿਖੜਾ ਬੜਾ
ਕਦ ਹੋਣੀ ਪ੍ਰਭਾਤ।



ਸੁਣ ਨੀਂ ਧਰਤ ਪਿਆਰੀਏ
ਸੀ ਜ਼ੁਲਮ ਧਰਮ ਦੀ ਜੰਗ,
ਕਿੰਜ ਗੁਰਾਂ ਨੇ ਜਿੱਤਿਆ
ਹਰ ਕੋਈ ਹੋਇਆ ਦੰਗ।

ਸ਼ਾਇਰ ਕੋਈ ਕਿੰਜ ਚਿੱਤਰੇ
ਅਨੂਠੇ ਜੰਗ ਦਾ ਸਾਰ,
ਚਮਕੀ ਗੜ੍ਹੀ ਚਮਕੌਰ ਦੀ
ਮੇਰਾ ਕਣ-ਕਣ ਨੂੰ ਨਮਸਕਾਰ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਅਨੁਸਾਰ ਚਮਕੌਰ ਸਾਹਿਬ ਦੀ ਜੰਗ ਵਿੱਚ ਸ਼ਹੀਦ ਹੋਏ ਮਹਾਨ ਸ਼ਹੀਦਾਂ ਦੀ ਸੂਚੀ

1. ਬਾਬਾ ਅਜੀਤ ਸਿੰਘ (ਵੱਡੇ ਸਾਹਿਬਜ਼ਾਦੇ)
2. ਬਾਬਾ ਜੁਝਾਰ ਸਿੰਘ
3. ਭਾਈ ਜਵਾਹਰ ਸਿੰਘ (ਅੰਮ੍ਰਿਤਸਰ)
4. ਭਾਈ ਮਾਣਕ ਸਿੰਘ (ਮਾਣਕੋ ਦੁਆਬਾ)
5. ਭਾਈ ਕਿਰਪਾਲ ਸਿੰਘ (ਕਰਤਾਰਪੁਰ ਰਾਣੀਵਾਲਾ)
7. ਭਾਈ ਦਿਆਲ ਸਿੰਘ ਰਾਮਦਾਸ
8. ਭਾਈ ਗੁਰਦਾਸ ਸਿੰਘ (ਅੰਮ੍ਰਿਤਸਰ)
9. ਭਾਈ ਠਾਕਰ ਸਿੰਘ ਛਾਰਾ
10. ਭਾਈ ਪਰੇਮ ਸਿੰਘ (ਮਨੀਮਾਜਰਾ)
11. ਭਾਈ ਹਰਦਾਸ ਸਿੰਘ (ਗਵਾਲੀਅਰ)
12. ਭਾਈ ਸੰਗੋ ਸਿੰਘ (ਮਾਛੀਵਾੜਾ)
13. ਭਾਈ ਨਿਹਾਲ ਸਿੰਘ (ਮਾਛੀਵਾੜਾ)
14. ਭਾਈ ਗੁਲਾਬ ਸਿੰਘ (ਮਾਛੀਵਾੜਾ)
15. ਭਾਈ ਮਹਿਤਾਬ ਸਿੰਘ (ਰੋਪੜ)
16. ਭਾਈ ਖੜਕ ਸਿੰਘ (ਰੋਪੜ)
17. ਭਾਈ ਟੇਕ ਸਿੰਘ (ਰੋਪੜ)
18. ਭਾਈ ਤੁਲਸਾ ਸਿੰਘ (ਰੋਪੜ)
19. ਭਾਈ ਸਹਿਜ ਸਿੰਘ (ਰੋਪੜ)
20. ਭਾਈ ਚੜ੍ਹਤ ਸਿੰਘ (ਰੋਪੜ)
21. ਭਾਈ ਝੰਡਾ ਸਿੰਘ (ਰੋਪੜ)
22. ਭਾਈ ਸੁਜਾਨ ਸਿੰਘ (ਰੋਪੜ)

23. ਭਾਈ ਗੰਡਾ ਸਿੰਘ (ਪੇਸ਼ਾਵਰ)
24. ਭਾਈ ਕਿਸ਼ਨ ਸਿੰਘ
25. ਭਾਈ ਬਿਸ਼ਨ ਸਿੰਘ
26. ਭਾਈ ਗੁਰਦਿੱਤ ਸਿੰਘ
27. ਭਾਈ ਕਰਮ ਸਿੰਘ ਭਰਤਪੁਰ
28. ਭਾਈ ਰਣਤ ਸਿੰਘ
29. ਭਾਈ ਨਰਾਇਣ ਸਿੰਘ
30. ਭਾਈ ਜੈਮਲ ਸਿੰਘ
31. ਭਾਈ ਗੰਗਾ ਸਿੰਘ (ਜਵਾਲਾਮੁਖੀ)
32. ਭਾਈ ਸ਼ੇਰ ਸਿੰਘ (ਆਲਮਗੀਰ)
33. ਭਾਈ ਸਰਦੂਲ ਸਿੰਘ
34. ਭਾਈ ਸੁੱਖਾ ਸਿੰਘ
35. ਭਾਈ ਪੰਜਾਬ ਸਿੰਘ ਖੰਡੂ
36. ਭਾਈ ਦਮੋਦਰ ਸਿੰਘ
37. ਭਾਈ ਭਗਵਾਨ ਸਿੰਘ
38. ਭਾਈ ਸਰੂਪ ਸਿੰਘ (ਕਾਬਲ)
39. ਭਾਈ ਜਵਾਲਾ ਸਿੰਘ
40. ਭਾਈ ਸੰਤ ਸਿੰਘ (ਪੋਠੋਹਾਰ)
41. ਭਾਈ ਆਲਮ ਸਿੰਘ
42. ਭਾਈ ਸੰਗਤ ਸਿੰਘ
43. ਭਾਈ ਕੋਠਾ ਸਿੰਘ
44. ਭਾਈ ਮਦਨ ਸਿੰਘ
45. ਭਾਈ ਮੋਹਕਮ ਸਿੰਘ (ਪੰਜ ਪਿਆਰਿਆਂ ਚੋਂ)
46. ਭਾਈ ਹਿੰਮਤ ਸਿੰਘ (ਪੰਜ ਪਿਆਰਿਆਂ ਚੋਂ)
47. ਭਾਈ ਸਾਹਿਬ ਸਿੰਘ (ਪੰਜ ਪਿਆਰਿਆਂ ਚੋਂ)




ਬੱਚਿਆਂ ਨੂੰ ਬਾਲ-ਸਾਹਿਤ ਰਾਹੀਂ ਜਿੱਥੇ ਗਿਆਨ-ਵਿਗਿਆਨ ਤੇ ਹੋਰ ਸਮੱਗਰੀ ਰੌਚਿਕ ਢੰਗ ਨਾਲ ਦੇਣੀ ਜ਼ਰੂਰੀ ਹੈ, ਉੱਥੇ ਉਨ੍ਹਾਂ ਨੂੰ ਆਪਣੇ ਇਤਿਹਾਸ, ਵਿਰਸੇ ਤੇ ਸਭਿਆਚਾਰ ਤੋਂ ਜਾਣੂ ਕਰਵਾਉਣਾ ਹੋਰ ਵੀ ਮਹੱਤਵਪੂਰਨ ਹੈ। 'ਗਾਥਾ ਗੜ੍ਹੀ ਚਮਕੌਰ' (ਕਾਵਿ-ਰਚਨਾ) ਨੂੰ ਉੱਘੇ ਸਾਹਿਤਕਾਰ-ਮਨਮੋਹਨ ਸਿੰਘ ਦਾਊਂ ਨੇ ਇਸੇ ਉਦੇਸ਼ ਨੂੰ ਮੁੱਖ ਰੱਖਦਿਆਂ ਲਿਖੀ ਹੈ। ਬਹੁਤ ਢੁਕਵੀਂ ਤੇ ਸੰਜਮੀ ਕਾਵਿਕ-ਸ਼ੈਲੀ ਰਾਹੀਂ ਇਤਿਹਾਸਕ ਸਾਕੇ ਨੂੰ ਸਾਕਾਰ ਕੀਤਾ ਗਿਆ ਹੈ। ਪ੍ਰਬੀਨ ਦ੍ਰਿਸ਼ਟੀ ਰਾਹੀਂ ਜੰਗ ਦੇ ਦ੍ਰਿਸ਼ਾਂ ਨੂੰ ਪੇਸ਼ ਕੀਤਾ ਗਿਆ ਹੈ। ਜ਼ੁਲਮ ਦੀ ਹਾਰ ਅਤੇ ਸਿਦਕੀ ਧਰਮ ਦੀ ਜਿੱਤ ਪਾਠਕ ਨੂੰ ਝੰਜੋੜਦੀ ਹੈ। ਕੁਰਬਾਨੀ ਤੇ ਦ੍ਰਿੜਤਾ ਦੀ ਅਜਿਹੀ ਮਿਸਾਲ ਕਿਤੇ ਨਹੀਂ ਮਿਲਦੀ। ਚਿੱਤਰਾਂ ਰਾਹੀਂ ਇਸ ਪੁਸਤਕ ਦੀ ਖ਼ੂਬਸੂਰਤੀ ਤੇ ਸਾਰਥਿਕਤਾ ਹੋਰ ਵੀ ਵੱਧ ਗਈ ਹੈ। ਅਜਿਹੀ ਮੁੱਲਵਾਨ ਰਚਨਾ ਲਈ ਲੇਖਕ, ਚਿੱਤਰਕਾਰ ਤੇ ਪ੍ਰਕਾਸ਼ਕ ਵਧਾਈ ਦੇ ਹੱਕਦਾਰ ਹਨ।

Tarlochan
Publishers